**TODAY'S HUKAMNAMA FROM SRI DARBAR SAHIB**
**Sri Amritsar.**

**[June 1, 2013, Saturday 04:30 AM. IST]**

ਸਲੋਕੁ ਮਃ ੩ ॥
ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥ ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥ ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥ ਮਃ ੩ ॥ ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥ ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥ ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥੨॥ ਪਉੜੀ ॥ ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ ॥ ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ ॥ ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ ॥ ਹਰਿ ਸੇਵਹਿ ਸੇਈ ਪੁਰਖ ਜਿਨਾ ਹਰਿ ਤੁਧੁ ਮਇਆ ॥ ਗੁਣ ਗਾਵਾ ਪਿਆਰੇ ਨਿਤ ਗੁਰਮੁਖਿ ਭ੍ਰਮ ਭਉ ਗਇਆ ॥੭॥

ਸ਼ਨੀਵਾਰ, ੧੯ ਜੇਠ (ਸੰਮਤ ੫੪੫ ਨਾਨਕਸ਼ਾਹੀ) ੧ ਜੂਨ, ੨੦੧੩ (ਅੰਗ: ੬੪੫)

ਸਤਿਗੁਰੂ ਦੀ ਸੰਗਤ ਤੇ ਸਿੱਖਿਆ ਗੁਰਬਾਣੀ ਦੁਆਰਾ ਮਿਲਦੀ ਹੈ । ਇਸ ਸਿੱਖਿਆ ਤੋਂ ਬਿਨਾ ਮਨੁੱਖ ਨੂੰ ਸੁਖ ਸ਼ਾਤੀ ਸੱਚਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ ਤੇ ਮਨੁੱਖ ਸਾਰੀ ਜ਼ਿੰਦਗੀ ਭਰਮ ਭੁਲੇਖੇ ਵਿਚ ਹੀ ਭਟਕਦਾ ਫ਼ਿਰਦਾ ਹੈ ।ਅਜਿਹੇ ਮਨੁੱਖ ਦੀ ਹਾਲਤ ਵੇਸਵਾ ਇਸਤ੍ਰੀ ਵਰਗੀ ਹੁੰਦੀ ਹੈ ਜਿਸਨੂੰ ਪਤੀ ਦਾ ਪਿਆਰ ਤੇ ਘਰ ਪਰਵਾਰ ਦਾ ਸੁਖ ਤੇ ਸਮਾਜਕ ਸਤਿਕਾਰ ਨਹੀਂ ਮਿਲਦਾ।ਪਰੰਤੂ ਅਜਿਹੇ ਮਨੁੱਖ ਵੀ ਸਤਿਗੁਰੂ ਦੀ ਸੰਗਤ ਵਿਚ ਆਉਣ ਨਾਲ ਬਖਸ਼ੇ ਜਾਂਦੇ ਹਨ ।ਗੁਰੂ ਉਪਦੇਸ਼ ਦੁਆਰਾ ਵਾਹਿਗੁਰੂ ਦਾ ਸਿਮਰਨ ਕਰਨ ਵਾਲੇ ਮਨੁੱਖ ਸੰਸਾਰ ਦੀ ਬੁਰਾਈ ਤੋਂ ਬੱਚ ਜਾਂਦੇ ਹਨ ਤੇ ਮੌਤ ਦੇ ਡਰ ਤੋਂ ਵੀ ਮੁਕਤ ਹੋ ਜਾਂਦੇ ਹਨ ।ਉਹ ਗੁਰੂ ਦੁਆਰਾ ਦੱਸੇ ਮਾਰਗ ਤੇ ਚਲਦੇ ਹੋਏ ਆਪਣੀ ਜ਼ਿੰਦਗੀ ਸਫ਼ਲ ਕਰ ਜਾਂਦੇ ਹਨ ।